Australian Government
Department of Health and Aged Care

medicare

Punjabi



# ਚਾਈਲਡ ਡੈਂਟਲ ਬੈਨੀਫਿਟਸ ਅਨੁਸੂਚੀ ਬਾਰੇ

ਚਾਈਲਡ ਡੈਂਟਲ ਬੈਨੀਫਿਟਸ ਅਨੁਸੂਚੀ (CDBS) ਯੋਗ ਬੱਚਿਆਂ ਲਈ ਦੰਦਾਂ ਦੀਆਂ ਮੁਢਲੀਆਂ ਸੇਵਾਵਾਂ ਦਾ ਕੁੱਝ ਹਿੱਸਾ ਜਾਂ ਸਾਰਾ ਖਰਚਾ ਕਵਰ ਕਰਦੀ ਹੈ।

ਜਿਹੜੇ ਬੱਚੇ CDBS ਲਈ ਯੋਗ ਹਨ, ਉਹ ਜਨਤਕ ਅਤੇ ਹਿੱਸਾ ਲੈਣ ਵਾਲੇ ਪ੍ਰਾਈਵੇਟ ਡੈਂਟਲ ਕਲੀਨਿਕਾਂ ਵਿੱਚ ਦੰਦਾਂ ਦੇ ਆਮ ਇਲਾਜ ਕਰਵਾ ਸਕਦੇ ਹਨ।

CDBS ਮੈਡੀਕੇਅਰ ਦਾ ਹਿੱਸਾ ਹੈ, ਆਸਟ੍ਰੇਲੀਆ ਦੀ ਸਿਹਤ ਸੰਭਾਲ ਪ੍ਰਣਾਲੀ ਜੋ ਘੱਟ ਜਾਂ ਬਿਨਾਂ ਕਿਸੇ ਲਾਗਤ ਦੇ ਸਿਹਤ ਅਤੇ ਹਸਪਤਾਲ ਸੇਵਾਵਾਂ ਦੀ ਵਿਸ਼ਾਲ ਸ਼੍ਰੇਣੀ ਤੱਕ ਪਹੁੰਚ ਪ੍ਰਦਾਨ ਕਰਦਾ ਹੈ।

## ਕੌਣ ਯੋਗ ਹੈ?

ਤੁਹਾਨੂੰ CDBS ਲਈ ਅਰਜ਼ੀ ਦੇਣ ਜਾਂ ਰਜਿਸਟਰ ਕਰਨ ਦੀ ਲੋੜ ਨਹੀਂ ਹੈ। ਜੇਕਰ ਤੁਹਾਡਾ ਬੱਚਾ CDBS ਲਈ ਯੋਗ ਹੈ ਤਾਂ ਤੁਹਾਨੂੰ ਸੂਚਿਤ ਕਰਨ ਲਈ ਸਰਵਿਸਿਜ਼ ਆਸਟ੍ਰੇਲੀਆ ਤੋਂ ਆਪਣੇ ਆਪ ਇੱਕ ਪੱਤਰ ਆਵੇਗਾ। ਪੱਤਰ ਤੁਹਾਡੇ ਕੋਲ ਡਾਕ ਰਾਹੀਂ ਜਾਂ myGov ਰਾਹੀਂ ਆਵੇਗਾ।

ਤੁਸੀਂ ਆਪਣੇ myGov ਖਾਤੇ ਵਿੱਚ ਔਨਲਾਈਨ ਵੀ ਇਹ ਦੇਖ ਸਕਦੇ ਹੋ ਕਿ ਕੀ ਤੁਹਾਡਾ ਬੱਚਾ ਤੁਹਾਡੇ ਯੋਗ ਹੈ।

ਬੱਚੇ ਯੋਗ ਹੁੰਦੇ ਹਨ ਜੇਕਰ ਉਹ:

- 18 ਸਾਲ ਤੋਂ ਘੱਟ ਉਮਰ ਦੇ
- ਮੈਡੀਕੇਅਰ ਲਈ ਯੋਗ, ਅਤੇ
- ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਸਰਕਾਰੀ ਸਹਾਇਤਾ ਭੁਗਤਾਨ ਪ੍ਰਾਪਤ ਕਰਦੇ ਹਨ, ਜਾਂ ਮਾਤਾ-ਪਿਤਾ, ਦੇਖਭਾਲ ਕਰਨ ਵਾਲਾ ਜਾਂ ਸਰਪ੍ਰਸਤ ਵਿਚੋਂ ਕੋਈ ਹੈ ਜੋ ਸਰਕਾਰੀ ਸਹਾਇਤਾ ਭੁਗਤਾਨ ਪ੍ਰਾਪਤ ਕਰ ਰਿਹਾ ਹੈ।

ਸਰਕਾਰੀ ਭੁਗਤਾਨ ਜੋ CDBS ਯੋਗਤਾ ਲਈ ਗਿਣੇ ਜਾਂਦੇ ਹਨ ਉਹ ਹੇਠਾਂ ਸੂਚੀਬੱਧ ਹਨ।.

| ਮਾਤਾ-ਪਿਤਾ, ਦੇਖਭਾਲ ਕਰਨ ਵਾਲੇ ਜਾਂ ਸਰਪ੍ਰਸਤ ਨੂੰ ਭੁਗਤਾਨ | ਬੱਚੇ ਨੂੰ ਮਿਲਨ ਵਾਲੇ ਭੁਗਤਾਨ | ਕਿਸ਼ੋਰ ਉਮਰ ਦੇ ਜੋੜੇ ਦੇ ਸਾਥੀ ਨੂੰ ਭੁਗਤਾਨ |
|---|---|---|
| ਫੈਮਿਲੀ ਟੈਕਸ ਬੇਨੀਫਿਟ ਪਾਰਟ ਏ | ਏ ਬੀ ਸਟੱਡੀ | ਫੈਮਿਲੀ ਟੈਕਸ ਬੇਨੀਫਿਟ ਪਾਰਟ ਏ |
| ਪੈਰੇਂਟਿੰਗ ਭੁਗਤਾਨ | ਫੈਮਿਲੀ ਟੈਕਸ ਬੇਨੀਫਿਟ ਪਾਰਟ ਏ | ਪੈਰੇਂਟਿੰਗ ਭੁਗਤਾਨ |
| ਡੱਬਲ ਔਰਫ਼ਨ ਪੈਨਸ਼ਨ | ਦੇਖਭਾਲਕਰਤਾ ਲਈ ਭੁਗਤਾਨ | |
| | ਅਪੰਗਤਾ ਸਹਾਇਤਾ ਪੈਨਸ਼ਨ | |
| | ਪੈਰੇਂਟਿੰਗ ਭੁਗਤਾਨ | |
| | ਵਿਸ਼ੇਸ਼ ਲਾਭ | |
| | ਯੁਵਾ ਭੱਤਾ | |
| | ਵੈਟਰਨਜ਼ ਅਫੇਅਰਜ਼ ਸਿੱਖਿਆ ਭੱਤੇ ਦੇ ਅਧੀਨ ਵਿਭਾਗ:<br>ਵੈਟਰਨਜ਼ ਚਿਲਡਰਨ ਐਜੂਕੇਸ਼ਨ ਸਕੀਮ (ਜੇ 16-17 ਸਾਲ ਦੀ ਉਮਰ ਹੋਵੇ)<br>ਮਿਲਟਰੀ ਰੀਹੈਬਲੀਟੇਸ਼ਨ ਐਂਡ ਕੰਪਨਸੇਸ਼ਨ ਐਕਟ ਐਜੂਕੇਸ਼ਨ ਐਂਡ ਟਰੇਨਿੰਗ ਸਕੀਮ (ਜੇ 16-17 ਸਾਲ ਦੀ ਉਮਰ ਹੋਵੇ) | |

## ਦੰਦਾਂ ਦੀਆਂ ਕਿਹੜੀਆਂ ਸੇਵਾਵਾਂ ਨੂੰ ਕਵਰ ਕੀਤਾ ਜਾਂਦਾ ਹੈ?

CDBS ਦੁਆਰਾ ਕਵਰ ਕੀਤੀਆਂ ਜਾਂਦੀਆਂ ਦੰਦਾਂ ਦੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਚੈੱਕ-ਅੱਪ
- ਐਕਸ-ਰੇ
- ਸਫਾਈ
- ਫਿਸ਼ਰ ਸੀਲਿੰਗ (ਦੰਦਾਂ ਵਿੱਚ ਡੂੰਘੀਆਂ ਤੇੜਾਂ ਉੱਤੇ ਸੁਰੱਖਿਆ ਪਰਤ ਲਗਾਉਣਾ)
- ਭਰਨਾ
- ਰੂਟ ਕਨਾਲ
- ਕੱਢਣਾ
- ਕੁੱਝ ਨਕਲੀ ਦੰਦ।

CDBS ਆਰਥੋਡੋਂਟਿਕ ਇਲਾਜ, ਕਾਸਮੈਟਿਕ ਦੰਦਾਂ ਦੇ ਕੰਮ ਜਾਂ ਕਿਸੇ ਹਸਪਤਾਲ ਵਿੱਚ ਦੰਦਾਂ ਦੀਆਂ ਸੇਵਾਵਾਂ ਨੂੰ ਕਵਰ ਨਹੀਂ ਕਰਦਾ ਹੈ।

## ਮੈਂ CDBS ਤੱਕ ਕਿਵੇਂ ਪਹੁੰਚ ਕਰ ਸਕਦਾ ਹਾਂ?

ਜੇਕਰ ਤੁਹਾਡਾ ਬੱਚਾ ਯੋਗ ਹੈ, ਤਾਂ $1,132* ਕੀਮਤ ਤੱਕ ਦੀਆਂ ਦੰਦਾਂ ਦੀਆਂ ਸੇਵਾਵਾਂ ਦੋ ਸਾਲਾਂ ਵਿੱਚ ਵਰਤਣ ਲਈ ਉਪਲਬਧ ਹਨ।

- ਆਪਣੀ ਦੰਦਾਂ ਦੀ ਮੁਲਾਕਾਤ ਬੁੱਕ ਕਰਨ ਤੋਂ ਪਹਿਲਾਂ ਆਪਣੇ ਬੱਚੇ ਦੀ ਯੋਗਤਾ ਦੀ ਜਾਂਚ ਕਰੋ।
- ਜਦੋਂ ਤੁਸੀਂ ਦੰਦਾਂ ਦੀ ਮੁਲਾਕਾਤ ਬੁੱਕ ਕਰ ਰਹੇ ਹੋ, ਤਾਂ ਜਾਂਚ ਕਰੋ ਕਿ ਕੀ ਤੁਹਾਡੀ ਡੈਂਟਲ ਪ੍ਰੈਕਟਿਸ CDBS ਦੇ ਅਧੀਨ ਸੇਵਾਵਾਂ ਪ੍ਰਦਾਨ ਕਰਦੀ ਹੈ।
- ਉਹਨਾਂ ਨੂੰ ਦੱਸੋ ਕਿ ਤੁਸੀਂ ਆਪਣੇ ਬੱਚੇ ਦੇ ਇਲਾਜ ਲਈ CDBS ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੇ ਹੋ।

*ਇਹ 2025 ਦੀ ਸੂਚੀਬੱਧ ਰਕਮ ਹੈ। CDBS ਦੀ ਰਕਮ ਹਰ ਸਾਲ 1 ਜਨਵਰੀ ਨੂੰ ਐਡਜਸਟ ਕੀਤੀ ਜਾਂਦੀ ਹੈ।

## ਹੋਰ ਜਾਣਕਾਰੀ

**ਆਸਟ੍ਰੇਲੀਆ ਦੇ ਵਧੇਰੇ ਨੌਜਵਾਨ ਲੋਕਾਂ ਕੋਲ ਹੁਣ CDBS ਦੁਆਰਾ ਸਬਸਿਡੀ ਵਾਲੀਆਂ ਦੰਦਾਂ ਦੀ ਸਿਹਤ ਸੇਵਾਵਾਂ ਤੱਕ ਪਹੁੰਚ ਹੈ। ਮੈਡੀਕੇਅਰ ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ ਇਸ ਬਾਰੇ ਹੋਰ ਜਾਣਨ ਲਈ, medicare.gov.au/stronger 'ਤੇ ਜਾਓ**

ਹੋਰ ਜਾਣਨ ਲਈ ਸਕੈਨ ਕਰੋ